# ਸੰਗੀਤ ਗਾਇਨ

(ਗਿਆਰਵੀ ਸ਼੍ਰੇਣੀ ਦੇ ਲਈ)


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ 2016 ............................ 10,000 ਕਾਪੀਆਂ

**All rights, including those of translation, prepoduction And annotation etc. Reserved by the Punjab Government**

ਸੰਪਾਦਕ ਅਤੇ ਵਿਸ਼ਾ ਕੋਆਡੀਨੇਟਰ - ਸ਼੍ਰੀ ਮਤੀ ਚਰਨਪ੍ਰੀਤ ਕੋਰ

ਲੇਖਕ:- (i) ਸ਼੍ਰੀਮਤੀ ਵਰਿੰਦਰ ਕੋਰ ਲੈਕ: ਸੰਗੀਤ ਸਰਕਾਰੀ ਸੀਨੀ: ਸੈਕੰਡ: ਸਕੂਲ, ਲੜਕੀਆਂ ਨਾਭਾ, ਪਟਿਆਲਾ

(ii) ਸ਼੍ਰੀਮਤੀ ਮਨਪ੍ਰੀਤ ਕੌਰ ਸੰਗੀਤ ਟੀਚਰ, ਸਰਕਾਰੀ ਮਾਡਲ ਸੀਨੀ: ਸੈਕੰਡਰੀ ਸਕੂਲ ਸੈਕਟਰ 37-ਸੀ ਚੰਡੀਗੜ੍ਹ

(iii) ਸ਼੍ਰੀਮਤੀ ਮਨਦੀਪ ਕੌਰ, ਲੈਕਚਰਾਰ ਸੰਗੀਤ, ਸਰਕਾਰੀ ਸੀਨੀ: ਸੈਕੰਡ: ਸਕੂਲ, 3ਬੀ- 1 ਮੁਹਾਲੀ।

(iv) ਸ਼੍ਰੀਮਤੀ ਕਰਨਬੀਰ ਕੌਰ ਲੈਕਚਰਾਰ ਸੰਗੀਤ-ਪਸਸਬ ਆਦਰਸ਼ ਸੀਨੀ: ਸਕੈਂਡ: ਸਕੂਲ ਧਰਟਿਓ ਬੁਟਰ ਸ੍ਰੀ ਅੰਮ੍ਰਿਤਸਰ ਸਾਹਿਬ

ਅਨੁਵਾਦ : ਸ਼੍ਰੀਮਤੀ ਮਨਦੀਪ ਕੌਰ

ਕਵਰ ਡਿਜ਼ਾਇਨ (ਚਿੱਤਰਕਾਰ) : ਸ਼੍ਰੀ ਮਨਜੀਤ ਸਿੰਘ ਢਿਲੋਂ
ਸੀਨੀਅਰ ਆਰਟਿਸਟ, ਪੰਜਾਬ ਸਕੂਲ ਸਿੱਖਿਆ ਬੋਰਡ

**ਚੇਤਾਵਨੀ**

1. ਕੋਈ ਵੀ ਏਜ਼ਸੀ - ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਦੇ ਜਿਲਦ ਸਾਜ਼ੀ ਨਹੀਂ ਕਰ ਸਕਦਾ।(ਏਜੰਸੀ-ਹੋਲਡਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ - ਪੁਸਤਕਾਂ ਦੇ ਜਾਅਲੀ /ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਕਾਰਤੀ ਦੰਡ ਪ੍ਰਮਾਲੀ ਦੇ ਅੰਤਰਗਤ ਫ਼ੌਜਦਾਰੀ ਜਰਮਾ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਛਪਵਾਈਆਂ ਜਾਂਦੀਆਂ ਹਨ।)

ਮੁੱਲ : ₹

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਨਿਊ ਸਿਮਰਨ ਆਫਸੈਟ ਪ੍ਰਿੰਟਰਜ਼, ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੇ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪਧੱਰ ਤੇ ਸਾਰੇ ਵਿਸ਼ਿਆਂ ਦੇ ਪਾਠਕ੍ਰਮ ਸੋਧ ਕਰਨ ਅਤੇ ਸੋਧੇ ਹੋਏ ਪਾਠਕ੍ਰਮ ਦੇ ਅਨੁਾਰ ਪਾਠ ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਸੰਗੀਤ ਗਾਇਨ ਵਿਸ਼ੇ ਦਾ ਪਾਠਕ੍ਰਮ ਕਈ ਸਾਲਾਂ ਤੋਂ ਪੁਰਾਣਾ ਹੀ ਲਾਗੂ ਸੀ। ਆਧੁਨਿਕ ਯੁੱਗ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨੈਸ਼ਨਲ ਕਰੀਕਲੁਮ ਫਰੇਮਵਰਕ-2005, ਪੀ. ਸੀ. ਐੱਫ 2013 ਦੀ ਸਿਫਾਰਿਸ਼ਾਂ ਨੂੰ ਮੁੱਖ ਰੱਖ ਕੇ ਅਤੇ ਉਹਨਾਂ ਦੇ ਸੁਝਾਵਾਂ ਦੇ ਅਨੁਸਾਰ ਅਕਾਦਾਮਿਕ ਸਾਲ 2015-16 ਤੋਂ ਖੇਤਰੀ ਮਾਹਿਰਾਂ ਦੇ ਸਹਿਯੋਗ ਤੋਂ ਪਾਠਕ੍ਰਮ ਵਿੱਚ ਸੋਧਾਂ ਕਰਵਾਈਆਂ ਗਈਆਂ ਸਨ। ਸੋਧੇਂ ਹੋਏ ਪਾਠਕ੍ਰਮ ਦੇ ਅਨੁਸਾਰ ਅਕਾਦਮਿਕ ਸਾਲ 2016-17 ਤੋਂ ਸੰਗੀਤ ਗਾਇਨ ਵਿਸ਼ੇ ਦੀਆਂ ਨਵੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ।

ਹਥਲੀ ਪਾਠ-ਪੁਸਤਕ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਪੁਸਤਕ ਦੀ ਵਿਸ਼ਾ ਵਸਤੂ ਨੂੰ ਰੋਚਕ ਸਰਲ ਅਤੇ ਸਪਸ਼ਟ ਬਣਾਉਣ ਲਈ ਜ਼ਰੂਰੀ ਸਾਜ ਅਤੇ ਸੰਗੀਤਕਾਰਾਂ ਦੇ ਚਿੱਤਰ ਦਿੱਤੇ ਗਏ ਹਨ । ਗਾਇਨ ਦੇ ਅਭਿਆਸ ਦੇ ਲਈ ਕਿਰਿਆਤਮਕ ਭਾਗ ਵਿੱਚ ਸੁਰ ਅਭਿਆਸ ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ ਤਾਂਕਿ ਵਿਦਿਆਰਥੀ ਸੰਗੀਤ ਦੇ ਕਿਰਿਆਤਮਕ ਰੂਪ ਨੇ ਗ੍ਰਹਿਣ ਕਰ ਸਕਣ।

ਆਸ ਹੈ ਕਿ ਇਹ ਪੁਸਤਕ ਵਿਦਿਆਰਥੀਆਂ ਵਿੱਚ ਸੰਗੀਤ ਵਿਸ਼ੇ ਦੇ ਪ੍ਰਤਿ ਰੁਚੀ ਉਤਪੰਨ ਕਰੇਗੀ। ਇਹ ਪੁਸਤਕ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਲਾਭਦਾਇਕ ਸਿੱਧ ਹੋਵੇਗੀ। ਫਿਰ ਵੀ ਪੁਸਤਕ ਨੂੰ ਹੋਰ ਰੋਚਕ ਬਣਾਉਣ ਦੇ ਲਈ ਖੇਤਰ ਵਿੱਚੋਂ ਪ੍ਰਾਪਤ ਸੁਝਾਵਾਂ ਦਾ ਆਦਰ ਸਤਿਕਾਰ ਕੀਤਾ ਜਾਵੇਗਾ।

**ਚੇਅਰਪਰਸਨ**
**ਪੰਜਾਬ ਸਕੂਲ ਸਿੱਖਿਆ ਬੋਰਡ**

# ਵਿਸ਼ਾ - ਸੂਚੀ


| ਪਾਠ ਨੰ . | ਵਿਸ਼ਾ | ਪੰਨਾ ਨੰ. |
|---|---|---|
| ਪਾਠ - 1 | ਪਰਿਭਾਸ਼ਾਵਾਂ :-<br>ਸੰਗੀਤ, ਧੁੰਨੀ, ਅਲੰਕਾਰ, ਅਰੋਹ, ਅਵਰੋਹ, ਪਕੜ,<br>ਸਰਗਮ ਗੀਤ, ਜਾਤੀ, ਅਲਾਪ, ਤਾਨ, | 1 |
| ਪਾਠ - 2 | ਵਾਦੀ ਸਵਰ, ਸੰਵਾਦੀ ਸਵਰ, ਅਨੁਵਾਦੀ ਸਵਰ,<br>ਵਿਵਾਦੀ ਸਵਰ, ਵਰਜਿਤ ਸਵਰ | 12 |
| ਪਾਠ - 3 | ਜੀਵਨੀਆਂ :-<br>(i) ਪ੍ਰੋ. ਸੋਹਣ ਸਿੰਘ<br>(ii) ਡਾ. ਦਲੀਪ ਚੰਦਰ ਬੇਦੀ | 17 |
| ਪਾਠ - 4 | ਪਟਿਆਲਾ ਘਰਾਣਾਂ ਅਤੇ ਦਿੱਲੀ ਘਰਾਣਾਂ | 15 |
| ਪਾਠ - 5 | ਭਾਰਤੀ ਸੰਗੀਤ ਵਿੱਚ ਸਾਜ਼ਾ (ਵਾਦਾਂ) ਦਾ<br>ਵਰਗੀਕਰਣ -:<br>ਤੱਤ ਵਾਦ, ਸ਼ੁਸ਼ਿਰ ਵਾਦ, ਅਵਨੱਧ ਵਾਦ, ਘਨਵਾਦ | 31 |
| ਪਾਠ - 6 | ਮੇਰਾ ਮੰਨ ਭਾਉਂਦਾ ਵਿਸ਼ਾ - ਸੰਗੀਤ | 34 |
| ਪਾਠ - 7 | ਨਾਦ -: ਪਰਿਭਾਸ਼ਾ, ਭੇਦ | 37 |
| ਪਾਠ - 8 | ਖਿਆਲ ਸ਼ੈਲੀ ਦੀ ਖੋਜ਼ ਅਤੇ ਪ੍ਰਕਾਰ | 40 |
| ਪਾਠ - 9 | ਸੰਗੀਤ ਦਾ ਸਾਜ ਤਾਨਪੁਰਾ - ਇਤਿਹਾਸ, ਅੰਗ ਵਰਨਣ | 43 |
| ਪਾਠ - 10 | ਅਲੰਕਾਰ ਬਿਲਾਵਲ ਥਾਟ, ਕਲਿਆਣ ਥਾਟ | 48 |
| ਪਾਠ - 11 | ਰਾਗ ਕਲਿਆਣ<br>ਸਾਧਾਰਨ ਜਾਣ - ਪਛਾਣ, ਅਲਾਪ<br>ਵੱਡਾ ਖਿਆਲ, ਛੋਟਾ ਖਿਆਲ, ਤਾਨਾਂ | 49 |
| ਪਾਠ - 12 | ਰਾਗ ਅਲੱਹੀਆ ਬਿਲਾਵਲ<br>ਸਾਧਾਰਨ ਜਾਣ - ਪਛਾਣ, ਅਲਾਪ, ਵੱਡ ਖਿਆਲ,<br>ਛੋਟਾ ਖਿਆਲ, ਤਾਨਾਂ | 55 |

| ਪਾਠ ਨੰ . | ਵਿਸ਼ਾ | ਪੰਨਾ ਨੰ. |
|---|---|---|
| ਪਾਠ - 13 | ਰਾਗ ਵਰਿੰਦਾਵੰਨੀ ਸਾਰੰਗ<br>ਸਾਧਾਰਨ ਜਾਣ - ਪਛਾਣ, ਅਲਾਪ,<br>ਵੱਡਾ ਖਿਆਲ, ਛੋਟਾ ਖਿਆਲ ਤਾਨਾਂ | 61 |
| ਪਾਠ - 14 | ਤਾਲਾਂ (ਤਾਲ ਦਾਦਰਾ, ਤਿੰਨ ਤਾਲ, ਝਪਤਾਲ, ਚੌਤਾਲ) | 67 |
| ਪਾਠ - 15 | ਭਜਨ- ਰਾਗ ਕਲਿਆਣ, ਅਲੱਹੀਆ ਬਿਲਾਵਲ,<br>ਵਰਿੰਦਾਵਨੀ ਸਾਰੰਗ | 71 |
| ਪਾਠ - 16 | ਸ਼ਬਦ- ਰਾਗ ਕਲਿਆਣ, ਅਲੱਹੀਆ ਬਿਲਾਵਲ,<br>ਵਰਿੰਦਾਵਨੀ ਸਾਰੰਗ | 74 |
| ਪਾਠ - 17 | ਗੀਤ-ਸੁਆਗਤੀ ਗੀਤ<br>ਪ੍ਰਸ਼ਨ ਬੈਂਕ | 77 |




## i ਸੰਗੀਤ

ਕਾਦਰ ਦੀ ਕੁਦਰਤ ਵਿੱਚ ਬੇਅੰਤ ਰਚਨਾਵਾਂ ਪਾਈਆਂ ਜਾਂਦੀਆਂ ਹਨ। ਹੋਰਾਂ ਜੀਵਾਂ ਦੀ ਤਰਾਂ ਮਨੁੱਖ ਵੀ ਪ੍ਰਕਿਰਤੀ ਵਿੱਚ ਦਿੱਖਣ ਅਤੇ ਸੁਣਨ ਵਾਲੀਆਂ ਸੁੰਦਰਤਾਵਾਂ ਤੋਂ ਮੋਹਿਆ ਗਿਆ ਹੈ। ਹਜ਼ਾਰਾਂ ਸਾਲਾਂ ਤੋਂ ਮਨੁੱਖ ਫੁੱਲਾਂ, ਪੇੜ ਪੌਦਿਆਂ, ਪੰਛੀਆਂ, ਪਸ਼ੂਆਂ, ਪਹਾੜਾਂ, ਨਦੀਆਂ ਤੇ ਝਰਨਿਆਂ ਤੋਂ ਆਕਰਸ਼ਿਤ ਹੋਇਆ ਹੈ। ਬੱਦਲਾਂ ਦੇ ਮੌਸਮ ਵਿੱਚ ਮੋਰਾਂ ਦੇ ਨਾਚ, ਅੰਬਾਂ ਦੇ ਮੌਸਮਾਂ ਵਿੱਚ ਕੋਇਲ ਦੀ ਕੂ ਕੂ, ਸਵੇਰੇ ਪਹੁ ਫੱਟਣ ਤੇ ਪੰਛੀਆਂ ਦੀਆਂ ਚਹਿਕਾਵਾਂ, ਆਸਮਾਨਾ ਵਿੱਚ ਉੱਡਦੇ ਚਹਿਕਾਂਦੇ ਪੰਛੀਆਂ ਦੀਆਂ ਮਨਮੋਹਕ ਆਵਾਜ਼ਾਂ ਮਨੁੱਖੀ ਮਨ ਨੂੰ ਭਰਪੂਰ ਖੁਸ਼ੀਆਂ ਦਿੰਦੀਆਂ ਆਈਆਂ ਹਨ। ਇਸ ਤਰਾਂ ਮਨੁੱਖ ਦੀ ਰਚਨਾਤਮਕ ਵਿਲੱਖਣਤਾ ਨੇ ਇਨ੍ਹਾਂ ਬੇਅੰਤ ਕੁਦਰਤੀ ਕਲਾਵਾਂ ਤੋਂ ਸਿਖਦਿਆਂ ਭਾਸ਼ਾਵਾਂ ਦੇ ਰੂਪ ਵਿੱਚ ਆਪਣੀਆਂ ਭਾਵਨਾਵਾਂ ਤੇ ਕੁਦਰਤ ਦੀਆਂ ਰਚਨਾਵਾਂ ਪ੍ਰਗਟਾਉਣ ਦੀ ਯੋਗਤਾ ਅਤੇ ਫਿਰ ਇਸ ਨੂੰ ਸੁਰਾਂ ਤੇ ਲੈਆਂ ਵਿੱਚ ਬੋਲਣਾ ਸਿਖਦਿਆਂ ਸੰਗੀਤ ਤੱਕ ਪਹੁੰਚਣ ਦੀ ਸਫਲਤਾ ਪ੍ਰਾਪਤ ਕੀਤੀ।

ਦੁਨੀਆਂ ਦੇ ਹਰ ਕੋਨੇ ਤੋਂ ਸਦੀਆਂ ਤੋਂ ਇਨ੍ਹਾਂ ਕਲਾਵਾਂ ਦਾ ਵੇਰਵਾ ਮਿਲਦਾ ਹੈ। ਖਾਸ ਕਰਕੇ ਆਪਣੇ ਪੁਰਾਤਨ ਗਰੰਥਾਂ ਵਿੱਚ ਵੇਦਾਂ ਪੁਰਾਣਾ ਵਿੱਚ। ਸੰਗੀਤ ਦੀਆਂ ਪ੍ਰਭਿਸ਼ਾਵਾਂ ਇਸ ਤਰਾਂ ਹਨ :

"ਸਮਯਕ ਗੀਯਤੇ ਇਤਿ ਸੰਗੀਤਮ"

"ਸਮਯਕ ਪ੍ਰਕਾਰੇਣ ਯਦਿ ਗੀਯਤੇ ਤਤ੍ਸੰਗੀਤਮ"

ਇਸ ਸਮਯਕ ਭਾਵ ਯੋਗ, ਪ੍ਰਕਾਰੇਣ ਭਾਵ ਤਰੀਕਾ ਹੈ। ਇਸ ਮੁਤਾਬਕ ਯੋਗ ਅਤੇ ਠੀਕ ਤਰੀਕੇ ਨਾਲ ਗਾਉਣ ਨੂੰ ਸੰਗੀਤ ਕਿਹਾ ਜਾਂਦਾ ਹੈ।

ਸੰਗੀਤ ਰਚਨਾਹਾਰ ਵਿੱਚ ਇਸਦੀ ਪਰਿਭਾਸ਼ਾ ਇਸ ਤਰਾਂ ਹੈ

"ਗੀਤੰ ਵਾਦਯੰ ਤਥਾ ਨ੍ਰਿਤਯੰ ਤ੍ਰੈਯੰ ਸੰਗੀਤ ਮੁਚਯਤੇ" ਭਾਵ ਗੀਤ ਗਾਉਣ, ਸਾਜ ਵਜਾਉਣ ਅਤੇ ਨਾਚ ਤਿੰਨਾਂ ਦੀ ਯੋਗ ਤੇ ਸੁਮੇਲਤਾ ਸੰਗੀਤ ਹੈ। ਮਹਾਨ ਲੇਖਕ ਭਾਈ ਕਾਨ ਸਿੰਘ ਨਾਭਾ ਜੀ ਦੇ ਮਹਾਕੋਸ਼ ਅਨੁਸਾਰ "ਸੰਗੀਤ : ਸੰ - ਗੀਤ ਨ੍ਰਿਤ, ਗਾਯਨ ਅਤੇ ਬਜਾਉਣ, ਇੰਨਾ ਤਿੰਨਾਂ ਦਾ ਸਮੁਦਾਏ ਹੈ।"

ਇਸ ਤਰਾਂ "ਗੀਤ" ਆਵਾਜ਼ ਰਾਹੀਂ ਸ਼ਬਦਾਂ ਦੇ ਪ੍ਰਗਟਾਉਣ ਦੁਆਰਾ ਆਪਣੀਆਂ ਭਾਵਨਾਵਾਂ ਨੂੰ ਦਰਸਾਉਣ ਤੋਂ ਬਣਿਆ ਹੈ। ਇਸ ਨੂੰ ਰੌਚਕ ਬਣਾਉਣ ਲਈ, ਇਸ ਦੇ ਅਨੁਸਾਰ ਸਾਜ਼ਾਂ ਦਾ ਵਿਕਾਸ ਹੋਇਆ।

'ਨੱਚਣ ਖੇਡਣ ਮਨ ਦਾ ਚਾਉ'

ਗਾਉਣ ਅਤੇ ਵਜਾਉਣ ਦੇ ਨਾਲ - ਨਾਲ ਨਾਚ ਦੁਆਰਾ ਸਰੀਰਕ ਹਾਵਾਂ ਭਾਵਾਂ ਰਾਹੀਂ ਗੀਤ ਦੇ ਭਾਵਾਂ ਨੂੰ ਹੋਰ ਰੌਚਕ ਅਤੇ ਸਪਸ਼ਟ ਬਣਾਇਆ ਗਿਆ।

ਇਸ ਤਰਾਂ ਸੰਗੀਤ ਕਲਾਵਾਂ ਤਿੰਨ ਤਰਾਂ ਦੀਆਂ ਹਨ :

ਗਾਇਨ : ਆਪਣੇ ਭਾਵਾਂ ਨੂੰ, ਸ਼ਬਦਾਂ ਨਾਲ ਆਪਣੀ ਆਵਾਜ਼ ਰਾਹੀਂ ਪ੍ਰਗਟ ਕਰਨ ਦੀ ਕਲਾ ਨੂੰ ਗਾਇਨ ਕਹਿੰਦੇ ਹਨ

ਵਾਦਨ : ਕਿਸੇ ਵੀ ਤਰਾਂ ਦੇ ਸਾਜ਼ ਨੂੰ ਵਜ਼ਾ ਕੇ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਦੀ ਕਲਾ ਨੂੰ ਵਾਦਨ ਕਿਹਾ ਜਾਂਦਾ ਹੈ। ਇਹ ਸ਼ਬਦਾਂ ਰਾਹੀਂ ਨਹੀਂ ਬਲਕਿ ਸਵਰਾਂ ਦੀ ਲੈਅ ਅਤੇ ਤਾਲ ਰਾਹੀਂ ਕੀਤਾ ਜਾਂਦਾ ਹੈ।

ਨਰਿਤ : ਆਪਣੇ ਸਰੀਰਕ ਮੁਦਰਾਵਾਂ ਨਾਲ ਮਨ ਦੇ ਭਾਵਾਂ ਨੂੰ ਦਰਸਾਉਣ ਦੀ ਕਲਾਂ ਨੂੰ ਨਰਿਤ ਕਿਹਾ ਜਾਂਦਾ ਹੈ। ਨਰਿਤ ਵੀ ਲੈਅ ਅਤੇ ਤਾਲ ਵਿੱਚ ਹੀ ਹੁੰਦਾ ਹੈ ਜਿਸ ਵਿੱਚ ਸਵਰਾਂ ਦੀ ਮੱਦਦ ਵੀ ਲਈ ਜਾਂਦੀ ਹੈ।

## ਸੰਗੀਤ ਦੇ ਦੋ ਭਾਗ ਹਨ

(I) ਭਾਵ ਸੰਗੀਤ : ਦਿਲ ਦੇ ਭਾਵਾਂ ਨੂੰ ਪ੍ਰਗਟ ਕਰ ਰਹੇ ਅਤੇ ਆਮ ਜਨਤਾ ਨੂੰ ਆਸਾਨੀ ਨਾਲ ਸਮਝ ਆ ਸਕਣ ਵਾਲੇ ਸੰਗੀਤ ਨੂੰ ਭਾਵ ਸੰਗੀਤ ਕਹਿੰਦੇ ਹਨ। ਇਹ ਜਰੂਰੀ ਨਹੀਂ ਕਿ ਸੰਗੀਤ ਸ਼ਾਸਤਰ ਦੇ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਲੋਕ ਗੀਤ, ਭਜਨ, ਫਿਲਮੀ ਗੀਤ, ਵਿਆਹ ਸ਼ਾਦੀ ਦੇ ਗੀਤ ਆਦਿ ਭਾਵ ਸੰਗੀਤ ਹਨ।

(ii) ਸ਼ਾਸਤਰੀ ਸੰਗੀਤ : ਸ਼ਾਸਤਰੀ ਸੰਗੀਤ, ਸੰਗੀਤ ਸ਼ਾਸਤਰ ਦੇ ਨਿਯਮਾਂ ਅਨੁਸਾਰ

ਗਾਇਆ ਤੇ ਵਜਾਇਆ ਜਾਂਦਾ ਹੈ। ਸਵਰ, ਲੈਅ, ਤਾਲ ਅਤੇ ਰਾਗ ਆਦਿ ਵਿੱਚ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਸੰਗੀਤ ਦੀ ਵਿਆਕਰਣ ਸੰਗੀਤ ਸ਼ਾਸਤਰ ਅਨੁਸਾਰ ਹੁੰਦੀ ਹੈ ਅਤੇ ਇਸ ਵਿਆਕਰਣ ਦੇ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਂਦੀ ਹੈ।

ਰਾਗਾਂ ਅਨੁਸਾਰ ਗੁਰਬਾਣੀ ਦਾ ਗਾਇਨ ਸ਼ਾਸਤਰੀ ਸੰਗੀਤ ਹੈ।

ਵਿਵਹਾਰਿਕ ਤੌਰ ਤੇ ਸੰਗੀਤ ਦੇ ਭਾਗ ਇਸ ਤਰਾਂ ਹਨ :

1. **ਸਿਧਾਂਤਿਕ ਸੰਗੀਤ :** ਸਿਧਾਂਤਾ ਅਨੁਸਾਰ ਸੰਗੀਤ ਦੇ ਲਿਖਤ ਰੂਪ ਨੂੰ ਸਿਧਾਂਤਕ ਸੰਗੀਤ ਕਹਿੰਦੇ ਹਨ।
2. **ਕ੍ਰਿਆਤਮਿਕ ਸੰਗੀਤ :** ਗਾਉਣ, ਵਜਾਉਣ ਅਤੇ ਨਾਚ ਦੁਆਰਾ ਪ੍ਰਦਰਸ਼ਿਤ ਸੰਗੀਤ ਨੂੰ ਕ੍ਰਿਆਤਮਿਕ ਸੰਗੀਤ ਕਹਿੰਦੇ ਹਨ।

## ii ਧੁੰਨੀ

ਮਨੁੱਖ ਦਾ ਮਨ ਕੁਦਰਤੀ ਨਜਾਰੇ, ਝਰਨੇ ਪਸ਼ੂ ਪੰਛੀਆਂ ਦੀ ਆਵਾਜ਼ਾਂ, ਮੋਰ ਦੇ ਨ੍ਰਿਤ ਨੂੰ ਵੇਖ ਕੇ ਹਮੇਸ਼ਾ ਆਕਰਸ਼ਿਤ ਹੋਇਆ ਹੈ। ਇਹਨਾਂ ਅਦਭੁਤ ਨਜਾਰਿਆਂ ਨੂੰ ਮਨੁੱਖ ਨੇ ਚਿਤਰਕਲਾ, ਪੰਛੀਆਂ ਦੀ ਆਵਾਜ਼ ਨੂੰ ਗਾ ਕੇ ਅਤੇ ਮੋਰ ਦੇ ਨ੍ਰਿਤ ਨੂੰ ਵੇਖ ਕੇ ਆਪ ਨ੍ਰਿਤ ਕਰਨ ਲਗ ਪਿਆ।

ਮਨੁੱਖ ਨੇ ਮਧੁਰ ਧੁਨੀਆ ਦੀ ਆਵਾਜ਼ ਨੂੰ ਸੁਣਿਆ ਅਤੇ ਸੁਰੀਲੇ ਸੰਗੀਤ ਦੀ ਸਿਰਜਨਾ ਕੀਤੀ। ਆਪ ਗਾਉਣ ਦੇ ਨਾਲ - 2 ਧੁਨੀਆਂ ਨੂੰ ਵੱਖ - 2 ਵਸਤੂਆਂ ਵਿਚੋਂ ਵੀ ਕਢਣ ਲਗਾ। ਖੁਸ਼ੀ ਨੂੰ ਦਰਸਾਉਣ ਲਈ ਆਪਣੇ ਸਰੀਰਿਕ ਅੰਗਾਂ ਸਹਾਰੇ ਲੈਅ ਤਾਲ ਨਾਲ ਲਹਿਰਾਉਣ ਲਗਾ। ਇਹੀ ਅੱਗੇ ਚਲ ਕੇ ਗਾਇਨ, ਵਾਦਨ ਅਤੇ ਨ੍ਰਿਤ ਵਿੱਚ ਵਿਕਸਿਤ ਹੋ ਗਏ।

ਲੈਅ, ਤਾਲ ਦੀ ਸਹਾਇਤਾ ਵਿਕਸਿਤ ਨਾਲ ਮਨੁਖੀ ਕੰਠ ਜਾ ਸਾਜ ਦੁਆਰਾਂ ਅਨੇਕ ਧੁਨੀਆਂ ਦੇ ਉਤਪੰਨ ਕਰਨ ਦੀ ਕਲਾ ਨੂੰ ਸੰਗੀਤ ਕਿਹਾ ਗਿਆ। ਸੰਗੀਤ ਦਾ ਆਧਾਰ ਨਾਦ ਹੈ।

ਧੁਨੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਇਕ ਤਾ ਉਹ ਧੁਨੀਆ ਜੋ ਸੁਣਨ ਵਿੱਚ ਮਧੁਰ ਹੋਵੇ ਉਹ ਸੰਗੀਤ ਲਈ ਉਪਯੋਗੀ ਹੁੰਦੀਆਂ ਹਨ । ਦੂਜੀ ਉਹ ਜੋ ਖਰਵੀਆਂ, ਸ਼ੋਰ ਗੁਲ, ਰੌਲਾ ਹੋਣ ਉਹਨਾਂ ਨੂੰ ਕੋਈ ਵੀ ਸੁਣਨਾ ਪਸੰਦ ਨਹੀਂ ਕਰਦਾ ਉਹ ਸੰਗੀਤ ਲਈ ਅਣਉਪਯੋਗੀ ਹੁੰਦੀਆਂ ਹਨ। ਇਹਨਾਂ ਦਾ ਸੰਗੀਤ ਵਿੱਚ ਕੋਈ ਸਥਾਨ ਨਹੀਂ ਹੁੰਦਾ। ਸੁਰੀਲੀਆਂ ਧੁਨੀਆ ਹੀ ਸੰਗੀਤ ਦਾ ਅਧਾਰ ਹੁੰਦੀਆਂ ਹਨ। ਇਹ ਹੇਠ ਲਿਖੀਆਂ ਹਨ :-

1. ਸੰਗੀਤ ਉਪਯੋਗੀ ਧੁਨੀ
2. ਸੰਗੀਤ ਅਨਉਪਯੋਗ ਧੁਨੀ

ਕਿਸੇ ਦੀ ਆਵਾਜ਼ ਦੀ ਉਤਪੱਤੀ ਦਾ ਕਾਰਣ ਕੰਪਨ ਜਾਂ ਅੰਦੋਲਨ ਹੁੰਦਾ ਹੈ। ਟਕਰਾਓ ਤੇ ਕੰਪਨ ਹੁੰਦੀ ਹੈ ਅਤੇ ਆਵਾਜ਼ ਪੈਦਾ ਹੁੰਦੀ ਹੈ। ਤਾਰ ਨੂੰ ਛੇੜਣ ਨਾਲ ਕੰਪਨ ਹੁੰਦਾ ਹੈ ਕੰਪਨ ਨਾਲ ਆਵਾਜ਼ ਹੁੰਦੀ ਹੈ, ਕੰਪਨ ਬੰਦ ਹੋਣ ਨਾਲ ਆਵਾਜ਼ ਬੰਦ ਹੋ ਜਾਂਦੀ ਹੈ। ਇਸ ਨੂੰ Vibration ਵੀ ਕਿਹਾ ਜਾਂਦਾ ਹੈ ਜੇ ਆਵਾਜ਼ ਵਿੱਚ ਕੰਪਨ ਘਟ ਵੱਧ ਹੋਣ ਤਾ ਇਸ ਨੂੰ ਅਨਿਯਮਿਤ ਅੰਦੋਲਨ ਕਿਹਾ ਜਾਂਦਾ ਹੈ।

ਜੋ ਆਵਾਜ਼ ਨਿਯਮਿਤ ਹੁੰਦੀ ਹੈ, ਮਧੁਰ ਹੁੰਦੀ ਹੈ ਉਹ ਸੰਗੀਤ ਲਈ ਉਪਯੋਗੀ ਹੁੰਦੀ ਹੈ ਅਤੇ ਉਹ ਆਵਾਜ਼ ਜੋ ਬੇਸੁਰੀ, ਕਰਕਸ਼ੇ ਹੁੰਦੀ ਹੈ ਉਹ ਸੰਗੀਤ ਲਈ ਮਨ ਉਪਯੋਗੀ ਹੁੰਦੀ ਹੈ। ਉਸ ਦਾ ਸੰਗੀਤ ਵਿਚ ਕੋਈ ਸਥਾਨ ਨਹੀਂ ਹੁੰਦਾ।

ਧੁਨੀ ਦੋ ਪ੍ਰਕਾਰ ਦੀ ਹੁੰਦੀ ਹੈ :-

(i) ਅਨਾਹਤ ਧੁੰਨੀ

(ii) ਆਹਤ ਧੁੰਨੀ

1. **ਅਨਾਹਤ ਧੁੰਨੀ -:** ਬਿਨਾ ਕਿਸੇ ਚੋਟ, ਰਗੜ ਤੋਂ ਪੈਦਾ ਹੋਈ ਆਵਾਜ (ਧੁੰਨੀ) ਨੂੰ ਅਨਾਹਤ ਧੁੰਨੀ ਕਿਹਾ ਜਾਂਦਾ ਹੈ। ਮੋਕਸ਼ ਦੀ ਪ੍ਰਾਪਤੀ ਲਈ ਰਿਸ਼ੀ ਮੁਨੀ ਇਸ ਦੀ ਉਪਾਸਨਾ ਕਰਦੇ ਸਨ। ਇਹ ਅਜਕਲ ਪ੍ਰਚਾਰ ਵਿੱਚ ਨਹੀਂ ਹੈ।

2. **ਆਹਤ ਧੁੰਨੀ -:** ਆਹਤ ਦਾ ਅਰਥ ਹੈ 'ਟਕਰਾਉਣਾ'। ਸਭ ਪ੍ਰਕਾਰ ਦੇ ਆਪਸੀ ਕਿਸੇ ਵਸਤੂ ਦੇ ਡਿੱਗਣ ਦੀ ਆਵਾਜ, ਬਰਤਨਾਂ ਦੀ ਆਪਸੀ ਖੜਕਣ ਦੀ ਆਵਾਜ ਅਨਿਯਮਿਤ ਅੰਦੋਲਨ ਪੈਦਾ ਕਰਦੀਆਂ ਹਨ ਇਹ ਬੇਸੁਰੀਆ ਅਤੇ ਕਰਕਸ਼ ਹੁੰਦੀਆ ਹਨ। ਇਹ ਸੰਗੀਤ ਲਈ ਉਪਯੋਗੀ ਨਹੀਂ ਹੁੰਦੀਆ। ਸੰਗੀਤ ਦਾ ਸੰਬੰਧ ਤਾ ਸੁਰੀਲਿਆ ਧੁਨੀਆ ਨਾਲ ਹੈ ਭਾਵ ਨਿਯਮਿਤ ਅੰਦੋਲਨ ਸੰਖਿਆ ਦੁਆਰਾ ਪੈਦਾ ਹੋਈਆ ਧੁਨੀਆ ਹੀ ਸੰਗੀਤ ਲਈ ਸਹਾਈ ਹੁੰਦੀਆਂ ਹਨ ਇਹ ਧੁਨੀਆਂ ਤਿੰਨ ਪ੍ਰਕਾਰ ਨਾਲ ਪੈਦਾ ਹੁੰਦੀਆਂ ਹਨ।

   1. ਇਕ ਵਸਤੂ ਦਾ ਦੂਜੀ ਵਸਤੂ ਤੇ ਚੋਟ ਮਾਰਨ ਤੇ ਜਿਵੇਂ - ਤਬਲਾ, ਢੋਲ।
   2. ਕਿਸੇ ਵਸਤੂ ਦਾ ਦੂਸਰੀ ਵਸਤੂ ਨਾਲ ਰਗੜਨ ਤੇ ਜਿਵੇਂ - ਸਾਰੰਗੀ ਵਾਇਲਨ
   3. ਕਿਸੇ ਵਸਤੂ ਦਾ ਹਵਾ ਦੇ ਪ੍ਰਵੇਸ਼ ਨਾਲ ਜਿਵੇਂ - ਹਰਮੋਨਿਅਮ, ਬੰਸਰੀ, ਸ਼ਹਿਨਾਈ ਆਦਿ।

## iii ਅਲੰਕਾਰ

ਅਲੰਕਾਰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸਜਾਉਣਾ। ਜਿਸ ਪ੍ਰਕਾਰ ਇਸਤਰੀ ਆਪਣੇ ਆਪ ਨੂੰ ਜੇਵਰਾਂ ਗਹਿਣਿਆ ਅਭੂਸ਼ਨਾ ਨਾਲ ਸਜਾਉਂਦੀ ਹੈ ਉਸੀ ਪ੍ਰਕਾਰ ਅਲੰਕਾਰ ਸੰਗੀਤ ਦੇ ਜੇਵਰ ਜਾ ਆਭੂਸ਼ਨ ਹਨ ਜੋ ਰਾਗ (ਗੀਤ) ਨੂੰ ਸਜਾਉਂਦੇ ਹਨ।

ਅਲੰਕਾਰ ਵਿੱਚ ਸਵਰ ਸਮੂਹ ਨਿਯਮਿਤ ਕ੍ਰਮ ਵਿੱਚ ਹੁੰਦੇ ਹਨ। ਪੰ: ਅਹੋਬਲ ਜੀ ਅਨੁਸਾਰ, "ਲੜੀਵਾਰ ਸਵਰਾਂ ਦਾ ਸਮੂਹ ਜੋ ਚੰਗੀ ਤਰਾਂ ਗੁੰਦਿਆ ਗਿਆ ਹੋਵੇ 'ਅਲੰਕਾਰ' ਕਹਾਉਂਦਾ ਹੈ।"

ਸੰਗੀਤ ਰਤਨਾਕਰ ਪੰ: ਸਾਰੰਗਦੇਵ ਜੀ ਅਨੁਸਾਰ, "ਵਰਣਾਂ ਵਿੱਚ ਰਚੀ ਗਈ ਸਵਰਾਂ ਦੀ ਵਿਸ਼ੇਸ਼ ਰਚਨਾ ਨੂੰ ਅਲੰਕਾਰ ਕਹਿੰਦੇ ਹਨ।"

ਪੰ: ਵਿਵੇਕ ਸਾਹਨੀ ਜੀ ਕਹਿੰਦੇ ਹਨ, " ਸੁਰਾਂ ਦੀ ਅਜਿਹੀ ਸੁੰਦਰ ਅਤੇ ਵਿਸ਼ੇਸ਼ ਲੈਅ ਬੱਧ ਸਵਰ ਰਚਨਾਂ ਜੋ ਉਸੇ ਕ੍ਰਮ ਵਿੱਚ ਅਰੋਹ ਅਤੇ ਅਵਰੋਹ ਵਿਚ ਗਾਈ / ਵਜਾਈ ਜਾਵੇ ਅਲੰਕਾਰ ਕਹਾਉਂਦੀ ਹੈ।"

**ਅਲੰਕਾਰ ਦੇ ਦੋ ਭੇਦ ਹੁੰਦੇ ਹਨ :-**

1. ਅਰੋਹ
2. ਅਵਰੋਹ

ਅਲੰਕਾਰ ਵਿੱਚ ਜਿਹੜੀ ਵਿਵਸਥਾ ਅਰੋਹ ਵਿੱਚ ਹੁੰਦੀ ਹੈ ਉਹੀ ਅਵਰੋਹ ਵਿੱਚ ਵੀ ਹੁੰਦੀ ਹੈ ਜਿਵੇਂ :-

ਸ ਰੇ ਗ ਮ ਪ ਧ ਨੀ ਸਂ - ਅਰੋਹ

ਸਂ ਨੀ ਧ ਪ ਮ ਗ ਰੇ ਸ - ਅਵਰੋਹ

**ਅਲੰਕਾਰ ਦੀ ਰਚਨਾ ਵਿਧੀ :—**

ਅਲੰਕਾਰ ਵਿਚ ਸਵਰਾਂ ਨੂੰ ਵਿਸ਼ੇਸ਼ ਨਿਯਮ ਵਿੱਚ ਰੱਖਿਆ ਜਾਂਦਾ ਹੈ ਅਨੇਕਾਂ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ।

1. ਉਹ ਵਿਸ਼ੇਸ਼ ਸਵਰ ਰਚਨਾ ਹੋਵੇ, ਲੈਅਬੱਧ ਹੋਵੇ ਅਤੇ ਅਰੋਹ ਅਵਰੋਹ ਵਿੱਚ ਰਚੀ ਹੋਵੇ।
2. ਅਲੰਕਾਰ ਮੱਧਮ ਸ ਤੋਂ ਸ਼ੁਰੂ ਕਰਕੇ ਤਾਰ ਸਪਤਕ ਦੇ ਸ ਤੱਕ ਬੋਲਿਆ ਜਾਂਦਾ ਹੈ ਅਤੇ ਵਾਪਿਸ ਤਾਰ ਸਪਤਕ ਦੇ ਸ ਤੋਂ ਮੱਧ ਸ ਤਕ ਆਉਣਾ ਹੁੰਦਾ ਹੈ।
3. ਅਲੰਕਾਰ ਵਿੱਚ ਸ਼ੁਧ ਜਾਂ ਕੋਮਲ ਕੋਈ ਵੀ ਸਵਰ ਪ੍ਰਯੋਗ ਕੀਤਾ ਜਾਂਦਾ ਹੈ।

**ਅਲੰਕਾਰ ਦੇ ਲਾਭ :—**

1. ਇਸ ਨਾਲ ਸਵਰ ਗਿਆਨ ਅਤੇ ਲੈਅ ਗਿਆਨ ਹੁੰਦਾ ਹੈ।
2. ਗਾਇਨ ਵਿੱਚ ਗਲੇ ਦੀ ਤਿਆਰੀ ਲਈ ਲਾਭਦਾਇਕ ਸਿੱਧ ਹੁੰਦੇ ਹਨ।
3. ਇਸ ਨਾਲ ਕਲਪਨਾ ਸ਼ਕਤੀ ਵਧਦੀ ਹੈ।
4. ਭਿੰਨ - ਭਿੰਨ ਲੈਅਕਾਰੀਆ ਦਾ ਅਭਿਆਸ ਸਰਲ ਹੋ ਜਾਂਦਾ ਹੈ।
5. ਇਸ ਦੀ ਸਹਾਇਤਾ ਨਾਲ ਰਾਗ ਨੂੰ ਸਜਾਉਣ ਵਿੱਚ ਸਹਾਇਤਾ ਮਿਲਦੀ ਹੈ।
6. ਸੁੰਦਰ ਤਾਨਾਂ / ਤੋੜਿਆ ਨਾਲ ਰਾਗ ਵਿੱਚ ਅਦਭੁੱਤ ਪ੍ਰਭਾਵ ਉਤਪੰਨ ਹੁੰਦਾ ਹੈ।
7. ਅਲੰਕਾਰ ਦੇ ਅਭਿਆਸ ਨਾਲ ਹਰਮੋਨਿਅਮ ਤੇ ਉਗਲਾਂ ਦੀ ਤਿਆਰੀ ਚੰਗੀ ਤਰਾਂ ਹੋ ਜਾਂਦੀ ਹੈ।

## iv ਆਰੋਹ

ਆਰੋਹ ਦਾ ਅਰਥ ਹੈ ਚੜ੍ਹਦਾ ਕ੍ਰਮ ਭਾਵ ਸਵਰਾਂ ਦੇ ਚੜ੍ਹਦੇ ਹੋਏ ਕ੍ਰਮ ਨੂੰ ਆਰੋਹ ਕਿਹਾ ਜਾਂਦਾ ਹ।ਜਿਵੇਂ :-

ਸ ਰੇ ਗ ਮ ਪ ਧ ਨੀ ਸਂ

ਗਾਇਕ ਗਾਉਂਦੇ ਵਜਾਉਂਦੇ ਹੋਏ ਵਿਸ਼ੇਸ਼ ਸਵਰ ਤੇ ਨਹੀਂ ਖੜ੍ਹਦੇ ਉਹ ਉਪਰ ਨੀਚੇ ਹੁੰਦੇ ਰਹਿੰਦੇ ਹਨ। ਅਰੋਹ ਹਮੇਸ਼ਾ ਮੱਧ ਸਪਤਕ ਦੇ ਸ ਤੋਂ ਤਾਰ ਸਪਤਕ ਦੇ ਸ ਤਕ ਹੁੰਦਾ ਹੈ। ਅਰੋਹ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ :—

"ਗਾਇਨ ਜਾਂ ਵਾਦਨ ਕਰਦੇ ਸਮੇਂ ਅਵਾਜ਼ ਲਗਾਤਾਰ ਉੱਚੀ ਹੁੰਦੀ ਜਾਵੇ ਤਾਂ ਉਸ ਨੂੰ ਆਰੋਹ ਕਿਹਾ ਜਾਂਦਾ ਹੈ।"

## v ਅਵਰੋਹ

ਸਵਰਾਂ ਦੇ ਉਤਰਦੇ ਹੋਏ ਕ੍ਰਮ ਨੂੰ ਅਵਰੋਹ ਕਿਹਾ ਜਾਂਦਾ ਹੈ ਜਿਵੇਂ :— ਸਂ ਨੀ ਧ ਪ ਮ ਗ ਰੇ ਸ।

ਅਵਰੋਹ ਤੋਂ ਰਾਗ ਵਿੱਚ ਲਗਣ ਵਾਲੇ ਸਵਰਾਂ ਦੀ ਜਾਣਕਾਰੀ ਮਿਲਦੀ ਹੈ। ਇਸ ਨਾਲ ਹੀ ਅਰੋਹ ਅਵਰੋਹ ਨਾਲ ਰਾਗ ਦੀ ਜਾਤੀ ਨਿਸ਼ਚਿਤ ਹੁੰਦੀ ਹੈ। ਰਾਗ ਦੇ ਚਲਨ ਦੇ ਨਾਲ ਦੀ ਅਰੋਹ - ਆਵਰੋਹ ਨਿਸ਼ਚਿਤ ਹੁੰਦੇ ਹਨ।

**ਅਵਰੋਹ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ :—**

"ਜਦੋਂ ਕਲਾਕਾਰ ਆਰੋਹ ਦੀ ਉਲਟੀ ਦਿਸ਼ਾ ਵਿੱਚ ਗਾਇਨ ਵਾਦਨ ਕਰਦਾ ਹੈ ਤਾਂ ਸੰਗੀਤ ਦੀ ਭਾਸ਼ਾ ਵਿੱਚ ਇਸ ਨੂੰ ਅਵਰੋਹ ਕਿਹਾ ਜਾਂਦਾ ਹੈ।"

ਇਕ ਹੋਰ ਪਰਿਭਾਸ਼ਾ ਅਨੁਸਾਰ, "ਉੱਚੀ ਆਵਾਜ਼ ਤੋਂ ਨੀਵੀਂ ਆਵਾਜ ਵਲ ਗਾਇਨ ਵਾਦਨ ਕਿਰਿਆ ਕਰਨ ਨੂੰ ਅਵਰੋਹ ਕਿਹਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਇਸ ਵਿੱਚ ਸਤ ਸਵਰ ਹੀ ਲਗਣ। ਰਾਗ ਦੇ ਸਵਰਾਂ ਅਨੁਸਾਰ ਆਰੋਹ - ਅਵਰੋਹ ਹੁੰਦੇ ਹਨ ਜਿਵੇਂ ਰਾਗ ਭੁਪਾਲੀ ਵਿੱਚ 5 ਸਵਰ ਲਗਦੇ ਹਨ। ਇਸ ਦੇ ਅਵਰੋਹ ਇਸ ਪ੍ਰਕਾਰ ਹਨ ।

ਸ ਰੇ ਗ ਪ ਧ ਸਂ

## vi ਪਕੜ

ਰਾਗ ਵਿੱਚ ਲਗਣ ਵਾਲਾ ਉਹ ਛੋਟਾ ਜਿਹਾ ਵਿਸ਼ੇਸ਼ ਸਮੂਹ ਜਿਸ ਨਾਲ ਰਾਗ ਦੀ ਪਹਿਚਾਣ ਇਕ ਦਮ 'ਚ ਹੋ ਜਾਵੇ ਪਕੜ ਅਖਵਾਉਂਦੀ ਹੈ। ਰਾਗ ਦੇ ਅਰੋਹ - ਅਵਰੋਹ ਤੋਂ ਬਾਅਦ ਪਕੜ ਗਾਈ ਜਾਂਦੀ ਹੈ। ਪਕੜ ਤੋਂ ਵਾਦੀ - ਸੰਵਾਦੀ ਸਵਰ ਦੀ ਪਹਿਚਾਨ ਹੋ ਜਾਂਦੀ ਹੈ। ਰਾਗ ਦੀ ਚਾਲ ਕਿਹੋ ਜਿਹੀ ਹੈ, ਕਿੰਨਾ ਸਵਰਾਂ ਤੇ ਠਹਿਰਾਵ ਕੀਤਾ ਜਾਂਦਾ ਹੈ ਇਹ ਪਕੜ ਤੋਂ ਪਤਾ ਚਲਦਾ ਹੈ।

ਰਾਗ ਦੀ ਪਕੜ ਵਖਰੀ - 2 ਹੁੰਦੀ ਹੈ। ਰਾਗ ਨੂੰ ਗਾਂਦੇ ਵਜਾਂਦੇ ਹੋਏ ਪਕੜ ਦੇ ਵਿਸ਼ੇਸ਼ ਸਵਰ ਸਮੂਹ ਨੂੰ ਬਾਰ - ਬਾਰ ਪ੍ਰਯੋਗ ਵਿੱਚ ਲਿਆਇਆ ਜਾਂਦਾ ਹੈ ਜਿਸ ਨਾਲ ਰਾਗ ਦਾ ਸਵਰੂਪ ਸਪਸ਼ਟ ਹੋ ਜਾਂਦਾ ਹੈ।

**ਰਾਗ ਕਲਿਗੜਾ ਦੀ ਪਕੜ :—**

ਧੁ ਪ, ਗ ਮ ਗ, ਰੁੇ ਸ।

**ਰਾਗ ਭੈਰਵ ਦੀ ਪਕੜ :—**

ਗੁ ਮ ਧੁ ઽ ਧ ઽ ਗ ਮ ਰੇ ઽ ਰੇ ઽ ਸ।

ਰਾਗ ਦੀ ਪਕੜ ਨਾਲ ਰਾਗ ਦਾ ਸਰੂਪ ਦਿਮਾਗ ਵਿੱਚ ਬੈਠ ਜਾਂਦਾ ਹੈ। ਰਾਗ ਦੇ ਸਰੂਪ ਦੀ ਸ਼ੁਧਤਾ ਨੂੰ ਸਥਿਰ ਰਖਣ ਲਈ ਪਕੜ ਨੂੰ ਯਾਦ ਰਖਣਾ ਜ਼ਰੂਰੀ ਹੈ। ਜੇ ਕਦੇ ਅਲਾਪ ਲੈਂਦੇ ਹੋਏ ਰਾਗ ਤੋਂ ਪਰੇ ਜਾਣ ਲਗੇ ਤਾਂ ਪਕੜ ਲੈ ਕੇ ਇਕ ਦਮ ਰਾਗ ਦਾ ਸ਼ੁਧ ਰੁਪ ਸਥਿਰ ਹੋ ਜਾਂਦਾ ਹੈ।

## vii ਸਰਗਮ ਗੀਤ

ਕੇਵਲ ਸੁਰਾਂ ਵਿੱਚ ਰਚੀ ਗਈ ਰਚਨਾ ਨੂੰ ਸਰਗਮ ਗੀਤ ਕਿਹਾ ਜਾਂਦਾ ਹੈ। ਅਜਿਹੀ ਸੰਗੀਤਿਕ ਤਾਲਬੱਧ ਰਚਨਾ ਜਿਸ ਵਿੱਚ ਕੇਵਲ ਰਾਗ ਦਾ ਸਵਰਾਂ ਦਾ ਹੀ ਪ੍ਰਯੋਗ ਕੀਤਾ ਗਿਆ ਹੋਵੇ ਉਸ ਨੂੰ ਸਰਗਮ ਗੀਤ ਕਹਿੰਦੇ ਹਨ।

ਇਹ ਇਕ ਸ਼ਾਸਤਰੀ ਗਾਇਨ ਸ਼ੈਲੀ ਹੈ। ਇਸ ਵਿੱਚ ਸ਼ਬਦਾਂ ਦਾ ਪ੍ਰਯੋਗ ਬਿਲਕੁਲ ਨਹੀਂ ਕੀਤਾ ਜਾਂਦਾ। ਸ਼ੁਰੂ ਵਿੱਚ ਸੰਗੀਤ ਦੀ ਸਿਖਿਆ ਲੈਣ ਵਾਲੇ ਵਿਦਿਆਰਥੀਆਂ ਨੂੰ ਇਸ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਹਨਾਂ ਨਾਲ ਰਾਗ ਦਾ ਸਰੂਪ ਸਮਝ ਆ ਜਾਂਦਾ ਹੈ। ਸੁਰਾਂ ਦਾ ਲਗਾਣ, ਠਹਿਰਾਣ ਸਹੀ ਸੁਰ ਸਥਾਨ ਦਾ ਵੀ ਪਤਾ ਚਲਦਾ ਹੈ। ਇਹ ਇਕ ਸਰਲ ਅਤੇ ਸਿਧੀ ਰਾਗ ਰਚਨਾ ਹੁੰਦੀ ਹੈ। ਜਿਸਨੂੰ ਵਿਦਿਆਰਥੀ ਜਲਦੀ ਸਮਝ ਲੈਂਦਾ ਹੈ। ਸਰਗਮ ਗੀਤ ਦੇ ਦੋ ਪ੍ਰਕਾਰ ਹੁੰਦੇ ਹਨ :-

1. ਸਥਾਈ
2. ਅੰਤਰਾਂ

ਸਰਗਮ ਗੀਤ ਸ਼ਾਸਤਰੀ ਸੰਗੀਤ ਵਿੱਚ ਗਾਇਆ ਜਾਂਦਾ ਹੈ ਇਸ ਵਿੱਚ ਤਿੰਨ ਤਾਲ, ਝਪਤਾਲ ਅਤੇ ਇਕਤਾਲ ਵਜਾਏ ਜਾਂਦੇ ਹਨ। ਇਸ ਦੀ ਗਾਇਨ ਸ਼ੈਲੀ ਛੋਟੇ ਖਿਆਲ ਵਾਂਗ ਹੁੰਦੀ ਹੈ। ਪਹਿਲਾ ਸਥਾਈ ਫਿਰ ਅੰਤਰਾ ਲੈਂਦੇ ਹੋਏ ਛੋਟੀਆਂ - ਛੋਟੀਆਂ ਤਾਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

## viii ਜਾਤੀ

ਰਾਗ ਦੀ ਜਾਤੀ ਤੋਂ ਭਾਂਵ ਹੈ ਰਾਗ ਵਿੱਚ ਲੱਗਣ ਵਾਲੇ ਸਵਰਾਂ ਦੀ ਗਿਣਤੀ। ਰਾਗ ਦਾ ਇਕ ਨਿਯਮ ਹੈ ਇਸ ਵਿੱਚ ਘੱਟ ਤੋਂ ਘੱਟ ਪੰਜ ਸਵਰ ਅਤੇ ਵੱਧ ਤੋਂ ਵੱਧ ਸੱਤ ਸਵਰ ਹੋਣੇ ਜ਼ਰੂਰੀ ਹਨ। ਇਸ ਲਈ ਰਾਗ ਦੇ ਅਰੋਹ-ਅਵਰੋਹ ਵਿੱਚ ਜੋ ਸਵਰ ਲਗਦੇ ਹਨ ਉਹਨਾਂ ਦੇ ਅਧਾਰ ਤੇ ਰਾਗ ਦੀਆਂ ਜਾਤੀਆਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਇਹਨਾਂ ਜਾਤੀਆਂ ਰਾਹੀ ਹੀ ਰਾਗ ਇੱਕ ਦੂਜੇ ਤੋਂ ਅਲੱਗ ਪਹਿਚਾਣਿਆ ਜਾਂਦਾ ਹੈ।

ਰਾਗ ਵਿੱਚ ਲੱਗਣ ਵਾਲੇ ਸਵਰਾਂ ਦੇ ਆਧਾਰ ਤੇ ਰਾਗ ਦੀਆਂ ਤਿੰਨ ਮੁੱਖ ਜਾਤੀਆਂ ਹਨ ।

1. ਸੰਪੂਰਣ :- ਸੱਤ ਸਵਰਾਂ ਦੇ ਰਾਗ ਨੂੰ ਸੰਪੂਰਣ ਜਾਤੀ ਦੇ ਰਾਗ ਕਹਿੰਦੇ ਹਨ ਜਿਵੇ: ਭੈਰਵ, ਭੈਰਵੀ, ਯਮਨ, ਬਿਲਾਵਲ

2. **ਸਾੜਣ :-** ਛੇ ਸਵਰਾਂ ਵਾਲੇ ਰਾਗ ਨੂੰ ਸਾੜਵ ਜਾਤੀ ਦੇ ਰਾਗ ਕਹਿੰਦੇ ਹਨ ਜਿਵੇਂ ਮਾਰਵਾ, ਪੁਰੀਆ, ਸੋਹਨੀ ਆਦਿ।

3. **ਔੜਵ :-** ਪੰਜ ਸਵਰਾਂ ਵਾਲੇ ਰਾਗ ਨੂੰ ਔੜਵ ਜਾਤੀ ਦੇ ਰਾਗ ਕਹਿੰਦੇ ਹਨ ਜਿਵੇ : ਭੁਪਾਲੀ, ਮਾਨਕੌਂਸ

## ix ਅਲਾਪ

ਗਾਇਕ ਕੋਈ ਵੀ ਗੀਤ ਗਾਉਣ ਤੇ ਪਹਿਲਾਂ ਉਸ ਗੀਤ ਵਿੱਚ ਲਗਣ ਵਾਲੇ ਸਵਰਾਂ ਦਾ ਥੋੜਾ ਜਿਹਾ ਰੂਪ ਦਿਖਾਉਂਦੇ ਹਨ ਤਾਂ ਉਸ ਨੂੰ ਅਲਾਪ ਕਿਹਾ ਜਾਂਦਾ ਹੈ। ਇਹ ਸਰੂਪ ਸਰਗਮ ਵਿੱਚ ਵੀ ਹੋ ਸਕਦਾ ਹੈ ਤੇ ਅਕਾਰ ਵਿੱਚ ਵੀ।

ਰਾਗ ਦਾ ਸਾਰਾ ਢਾਂਚਾ ਰਾਗ ਦੇ ਅਲਾਪ ਵਿੱਚ ਹੀ ਨਜ਼ਰ ਆ ਜਾਂਦਾ ਹੈ। ਮੰਦ੍ਰ ਸਪਤਕ ਤੋਂ ਮੱਧ ਤੋਂ ਮੱਧ ਤੋਂ ਤਾਰ ਸਪਤਕ ਵਿੱਚ ਹੋਲੀ - 2 ਬੜ੍ਹਤ ਕਰਦੇ ਹੋਏ ਸਵਰ ਵਿਸਥਾਰ ਕੀਤਾ ਜਾਂਦਾ ਹੈ ਤਾਂ ਉਹ ਅਲਾਪ ਕਹਾਉਂਦਾ ਹੈ। ਗੰਭੀਰ ਪ੍ਰਕੀਤੀ ਦਾ ਹੋਣ ਕਾਰਣ ਇਸ ਦੀ ਗਤੀ ਵਿਲੰਯਿਤ ਹੁੰਦੀ ਹੈ।

ਪੰ. ਭਾਤਖੰਡੇ ਜੀ ਅਨੁਸਾਰ ,'' ਸਾਡੇ ਗਾਇਕ ਵਾਦਨ ਕੋਈ ਵੀ ਗੀਤ / ਗਤ ਗਾਉਣ ਵਜਾਉਣ ਤੋਂ ਪਹਿਲਾਂ ਉਸ ਰਾਗ ਵਾਲੇ ਰਾਗ ਸਰੂਪ ਦਾ ਥੋੜਾ ਜਿਹਾ ਦਿਗਦਰਸ਼ਨ ਕਰਾਉਂਦੇ ਹਨ ਤਾਂ ਉਹ ਅਲਾਪ ਅਖਵਾਉਂਦਾ ਹੈ।

ਸ਼ੀ ਮਤੀ ਮਹਾਰਾਣੀ ਸ਼ਰਮਾ ਦੇ ਅਨੁਸਾਰ ,'' ਅਲਾਪ ਗਾਇਨ ਵਾਦਨ ਦੀ ਕਿਰਿਆ ਅਸਲ ਵਿੱਚ ਰਾਗ ਪ੍ਰਗਟ ਹੋਣ ਤੋਂ ਪਹਿਲਾਂ ਦੀ ਤਿਆਰੀ ਹੈ, ਜਿਸ ਨਾਲ ਰਾਗ ਦਾ ਪੂਰਵ ਅਭਿਆਸ ਉਸ ਸੁਰ ਵਿਸਤਾਰ ਜਾਂ ਅਲਾਪ ਤੋਂ ਨਜ਼ਰੀ ਪੈਂਦਾ ਹੈ।

ਅਲਾਪ ਰਾਗ ਦੇ ਵਿਸਤਾਰ ਕਰਨ ਦਾ ਇਕ ਸਾਧਨ ਹੈ। ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਵਿੱਚ ਲਗਣ ਵੇ ਸਵਰਾਂ ਨਾਲ ਰਾਗ ਦਾ ਸਰੂਪ ਸਪਸ਼ਟ ਕਰਨਾ ਅਲਾਪ ਕਹਾਉਂਦਾ ਹੈ। ਅਲਾਪਗਤ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ :—

1. ਆਕਾਰ ਰਾਹੀਂ
2. ਨੋਮਤੋਮ ਰਾਹੀਂ

## x ਤਾਨ

ਤਾਨ ਸ਼ਬਦ ਤਨੁ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਤਾਨਨਾ, ਫੈਲਾਨਾ ਜਾਂ ਵਿਸਥਾਰ ਕਰਨਾ। ਜਦ ਗਾਇਕ ਰਾਗ ਰੂਪੀ ਸਰੀਰ ਨੂੰ ਫੈਲਾਉਂਦਾ ਹੈ ਅਤੇ ਉਸ ਨੂੰ ਸਜਾਉਂਦਾ ਹੈ

ਤਾਂ ਉਸ ਕ੍ਰਿਆ ਨੂੰ ਤਾਨ ਕਹਿੰਦੇ ਹਨ। ਤਾਨਾਂ ਨਾਲ ਹੀ ਰਾਗ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ ਅਤੇ ਸੁਣਨ ਵਾਲਿਆ ਨੂੰ ਰਸ ਦੀ ਅਨਭੂਤੀ ਹੁੰਦੀ ਹੈ।

'ਨਗਮਾਤੁਲ ਹਿੰਦ' ਜੀ ਦੇ ਅਨੁਸਾਰ ਸਵਰਾਂ ਦੇ ਸਮੂਹ ਨੂੰ ਤਾਲ ਕਿਹਾ ਜਾਂਦਾ ਹੈ। ਜਿਸ ਨਾਲ ਰਾਗ ਵਿੱਚ ਬੜ੍ਹਤ ਕਰਨਾ ਹੁੰਦਾ ਹੈ ਤਾਨਾਂ ਦਾ ਮੁੱਖ ਉਦੇਸ਼ ਗਾਇਨ ਦੀ ਵਿਚਿਤੱਰਤਾ ਨੂੰ ਵੱਧ ਤੋਂ ਵੱਧ ਵਧਾਣਾ ਹੁੰਦਾ ਹੈ।

ਪੰ. ਭਾਤਖੰਡੇ ਜੀ ਅਨੁਸਾਰ, '' ਜੇਕਰ ਠੀਕ ਰੀਤੀ ਨਾਲ ਤਾਨਾਂ ਲਈਆਂ ਜਾਣ ਤਾਂ ਬੜਾ ਹੀ ਆਨੰਦ ਆਉਂਦਾ ਹੈ। ਇਸ ਲਈ ਤਾਨਾਂ ਦੇ ਸਵਰ ਰਾਗ ਨਿਯਮਾਂ ਦੇ ਅਨੁਸਾਰ ਰਾਗ ਦੇ ਭਾਵ ਮੁਤਾਬਿਕ ਹੋਣਾ। ਪੰ: ਉਂਕਾਰ ਨਾਥ ਠਾਕੁਰ ਜੀ ਕਹਿੰਦੇ ਹਨ,'' ਜਦ ਕੋਈ ਅਲੰਕਾਰ ਕਿਸੇ ਰਾਗ ਨੇ ਨਿਯਮਾਂ ਵਿੱਚ ਬੰਨ੍ਹ ਕੇ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਉਹ ਤਾਨ ਕਹਾਉਂਦਾ ਹੈ।''

ਬੜੇ ਗੁਲਾਮ ਅਲੀ ਖਾਂ ਕਹਿੰਦੇ ਹਨ, '' ਜਦ ਮੈਂ ਰਾਗ ਦੇ ਦਰਿਆ ਵਿੱਚ ਡੁੱਬ ਜਾਂਦਾ ਹਾਂ, ਰਾਗਿਨੀ ਦੇ ਇਸ਼ਕ ਵਿੱਚ ਪਾਗਲ ਹੋ ਜਾਂਦਾ ਹੈ ਤਾਂ ਜੋ ਚੀਜ਼ ਮੇਰੇ ਮੁੱਖ ਵਿਚੋਂ ਨਿਕਲ ਜਾਂਦੀ ਹੈ ਮੈ ਤਾਂ ਉਸ ਨੂੰ ਤਾਨ ਕਹਿੰਦਾ ਹਾਂ।

ਉਪਰੋਕਤ ਪਰਿਭਾਸ਼ਾ ਅਨੁਸਾਰ ਰਾਗ ਨੂੰ ਸਜਾਣਾ, ਤਾਨਨਾ, ਵਿਸਥਾਰ ਕਰਨਾ, ਅਲੱਗ - 2 ਢੰਗ ਨਾਲ ਸਵਰਾਂ ਦਾ ਪ੍ਰਯੋਗ ਕਰਨਾ ਤਾਨ ਅਖਵਾਉਂਦਾ ਹੈ। ਇਹ ਪ੍ਰਯੋਗ ਰਾਗ ਦੀ ਪ੍ਰਕ੍ਰਿਤੀ, ਨਿਯਮਾਂ ਅਨੁਸਾਰ ਹੋਣਾ ਜ਼ਰੂਰੀ ਹੈ। ਰਾਗ ਦੇ ਇਹ ਸਵਰ ਸਮੂਹ ਰਾਗ ਵਿੱਚ ਵਿਚਿਰਤਤਾਂ, ਚਮਤਕਾਰ ਪੈਦਾ ਕਰਨ ਵਿੱਚ ਯੋਗਦਾਨ ਪਾਉਂਦੇ ਹਨ।

ਤਾਨਾਂ ਦੀ ਵਰਤੋਂ ਟੱਪਾ, ਖਿਆਲ ਅਤੇ ਠੁਮਰੀ ਵਿੱਚ ਕੀਤੀ ਜਾਂਦੀ ਹੈ। ਤਾਨਾਂ ਦਾ ਮੁੱਖ ਉਦੇਸ਼ ਸੁੰਦਰਤਾ ਵਿੱਚ ਵਾਧਾ ਕਰਨਾ ਹੈ। ਤਾਨ ਬਣਾਉਂਦੇ ਵੇਲੇ ਅਰੋਹ - ਅਵਰੋਹ, ਵਾਦੀ - ਸੰਵਾਦੀ, ਵਿਵਾਦੀ ਅਤੇ ਵਰਜਿਤ ਸਵਰਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਤਾਨਾਂ ਦੀ ਰਚਨਾ ਵੱਖ - ਵੱਖ ਲੈਅ ਵਿੱਚ ਹੁੰਦੀ ਹੈ। ਇਕ ਗੁਣ, ਦੁਗਣ ਅਤੇ ਚੋਗੁਣ। ਤਾਨਾਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ ਜਿਵੇਂ :- ਸਰਲ ਤਾਨ, ਫਿਰਤ ਤਾਨ ਰਾਗਾਂਗ ਤਾਨ, ਮਿਸ਼ਰ ਤਾਨ, ਬੋਲ ਤਾਨ, ਅਲੰਕਾਰਰਿਕ ਤਾਨ, ਗਮਕ ਤਾਨ, ਕੂਟ ਤਾਨ, ਜਬੜੇ ਤਾਨ, ਛੂਟ ਤਾਨ, ਦਾਨੇਦਾਰ ਤਾਨ, ਝਟਕੇ ਦੀ ਤਾਨ।